# ਸਟੇਸ਼ਨਰੀ ਦੇ ਟੈਡਰ ਸਬੰਧੀ ਸ਼ਰਤਾ

1) ਟੈਡਰ ਡਾਕੂਮੇਟ ਬਠਿੰਡਾ ਜਿਲ੍ਹੇ ਦੀ ਵੈਬਸਾਇਟ www.bathinda.nic.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

2) ਟੈਡਰ ਫਾਰਮ ਮਿਤੀ:28-07-2017 ਦੁਪਹਿਰ 02:00 ਵਜੇ ਤੱਕ ਡੀ.ਸੀ.ਦਫਤਰ ਵਿੱਚ ਕਮਰਾ ਨੰਬਰ 102 ਨਜਾਰਤ ਸ਼ਾਖਾ ਵਿਖੇ ਜਮਾਂ ਕਰਵਾਏ ਜਾ ਸਕਦੇ ਹਨ। ਦੁਪਹਿਰ 02:00 ਵਜੇ ਤੋ ਬਾਅਦ ਕਿਸੇ ਵੀ ਹਾਲਤ ਵਿਚ ਟੈਡਰ ਫਾਰਮ ਇਸ ਦਫਤਰ ਵੱਲੋ ਪ੍ਰਾਪਤ ਨਹੀ ਕੀਤਾ ਜਾਵੇਗਾ। ਡਾਕ ਰਾਹੀ ਹੋਈ ਦੇਰੀ ਲਈ ਇਹ ਦਫਤਰ ਜੁਮੇਵਾਰ ਨਹੀ ਹੋਵੇਗਾ।ਇਹ ਟੈਡਰ ਦੁਪਹਿਰ 03:00 ਵਜੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਬਠਿੰਡਾ ਜੀ ਦੇ ਕਮਰਾ ਨੰਬਰ 212 ਵਿੱਚ ਖੋਲੇ ਜਾਣਗੇ।

3) ਟੈਡਰ ਮੋਹਰਬੰਦ ਲਿਫਾਫੇ ਵਿੱਚ ਦੇਣਾ ਹੋਵੇਗਾ।ਹਰੇਕ ਸਮੱਗਰੀ ਲਈ ਉਸਦੇ ਆਕਾਰ/ਮਾਤਰਾ ਦੇ ਆਧਾਰ ਤੇ ਕੇਵਲ ਇੱਕੋ ਰਕਮ ਲਿਖੀ ਹੋਵੇਗੀ।ਰੇਟ ਸਾਰੀਆਂ ਤਰ੍ਹਾਂ ਦੇ ਕਰ (ਟੈਕਸ ਆਦਿ) ਅਤੇ ਕਿਰਾਏ ਸਮੇਤ ਰਹੇਗਾ। ਟੈਡਰ ਦੇ ਤਕਨੀਕੀ ਅਤੇ ਵਿੱਤੀ ਬਿਡ ਦੇ ਅਲੱਗ-2 ਲਿਫਾਫੇ ਤਿਆਰ ਕਰਕੇ ਇੱਕ ਮੋਹਰਬੰਦ ਲਿਫਾਫੇ ਵਿੱਚ ਪਾਉਣਾ ਯਕੀਨੀ ਬਣਾਇਆ ਜਾਵੇ।

ਸਮਾਨ ਦੀ ਖਰੀਦ ਇੱਕ ਵਾਰ ਵਿੱਚ ਨਹੀ ਕੀਤੀ ਜਾਵੇਗੀ।ਸਮੇ ਸਮੇ ਤੇ ਜਰੂਰਤ ਪੈਣ ਤੇ ਸਮੱਗਰੀ ਦੀ ਖਰੀਦ ਕਰ ਲਈ ਜਾਵੇਗੀ।ਬਿੱਲ ਦਾ ਭੁਗਤਾਨ ਪ੍ਰਾਪਤ ਵਸਤੂ ਦੀ ਉਪਲੱਬਧਾ ਦੇ ਆਧਾਰ ਤੇ ਸਮੇ-ਸਮੇ ਤੇ ਕੀਤਾ ਜਾਵੇਗਾ। ਇਸ ਟੈਡਰ ਦੀ ਮਿਆਦ ਇੱਕ ਸਾਲ ਦੀ ਹੋਵੇਗੀ।

4) ਟੈਡਰ ਡਿਪਟੀ ਕਮਿਸ਼ਨਰ ਬਠਿੰਡਾ ਦੇ ਨਾਮ ਤੇ ਅਪਲਾਈ ਕੀਤਾ ਜਾਵੇ।

5) ਫਰਮ ਦੇ ਬਿੱਲ ਪਕੇ ਹੋਣੇ ਚਾਹੀਦੇ ਹਨ । ਫਰਮ ਕੋਲ ਵੈਟ ਨੰਬਰ/ਪੈਨ ਨੰਬਰ/ ਜੀ.ਐਸ.ਟੀ ਹੋਣਾ ਚਾਹੀਦਾ ਹੈ। ਵੈਟ ਨੰਬਰ/ਪੈਨ ਨੰਬਰ/ ਜੀ.ਐਸ.ਟੀ ਦੀ ਕਾਪੀ ਨਾਲ ਨੱਥੀ ਕੀਤੀ ਜਾਵੇ। ਟੈਡਰ ਦੇਣ ਵਾਲੀਆਂ ਫਰਮਾਂ/ਸੰਸਥਾਂ ਵੱਲੋ ਆਪਣੀ ਫਰਮ ਦੇ ਲੈਟਰ ਹੈਡ ਤੇ ਟੈਡਰ ਦੀਆ ਸ਼ਰਤਾ ਨਾਲ ਨੱਥੀ **self declaration ਦੇਣਾ** ਹੋਵੇਗਾ।

6) ਖਰੀਦ ਕੀਤੀ ਜਾਣ ਵਾਲੀ ਸਟੇਸ਼ਨਰੀ ਦੀ ਗਿਣਤੀ ਘਟਾਈ ਜਾ ਵਧਾਈ ਜਾ ਸਕਦੀ ਹੈ।ਇਸ ਦਫਤਰ ਕੋਲ ਬਿਨ੍ਹਾਂ ਕਾਰਨ ਦੱਸੇ ਕਿਸੇ ਵੀ ਟੈਡਰਕਤਾ ਦਾ ਟੈਡਰ ਸਵੀਕਾਰ ਜਾਂ ਅਸਵੀਕਾਰ ਜਾਂ ਕੁਝ ਹਿੱਸਾ ਸਵੀਕਾਰ ਕਰਨ ਅਤੇ ਕਿਸੇ ਪ੍ਰਕਾਰ ਦੀ ਸੋਧ ਕਰਨ ਜਾਂ ਇੱਕ ਤੋ ਵੱਧ ਟੈਡਰਕਰਤਾ ਦੀ ਨਿਯੁਕਤੀ ਕਰਨ ਦਾ ਅਧਿਕਾਰ ਹੋਵੇਗਾ।

7) ਟੈਡਰ ਸਬੰਧੀ ਗਠਿਤ ਕੀਤੀ ਗਈ ਕਮੇਟੀ ਅਤੇ L-1 ਟੈਡਰਕਰਤਾ ਦੀ ਸਹਿਮਤੀ ਨਾਲ ਇਸ ਟੈਡਰ ਨੂੰ ਅਗਲੇ ਵਿੱਤੀ ਸਾਲ ਤੱਕ ਵੀ ਨਿਰਧਾਰਤ ਕੀਤਾ ਜਾ ਸਕਦਾ ਹੈ।

8) ਟੈਡਰ ਬਿਨਾ ਨੋਟਿਸ ਅਤੇ ਕਾਰਨ ਦਸੇ, ਕਦੋ ਵੀ ਰੱਦ ਕੀਤਾ ਜਾ ਸਕਦਾ ਹੈ।ਇਸ ਲਈ ਕੋਈ ਵਖਰਾ ਇਸ਼ਤਿਹਾਰ ਨਹੀ ਦਿੱਤਾ ਜਾਵੇਗਾ।

9) ਟੈਡਰ ਨਾਲ ਮੁ 10,000/- ਰੁਪਏ ਦੀ Earnest Money ਦਾ ਬੈਕ ਡਰਾਫਟ ਲੱਗਿਆ ਹੋਣਾ ਚਾਹੀਦਾ ਹੈ। ਬਿਨਾ Earnest Money ਟੈਡਰ ਫਾਰਮ ਕਿਸੇ ਵੀ ਹਾਲਤ ਵਿਚ ਪ੍ਰਵਾਨ ਨਹੀ ਕੀਤਾ ਜਾਵੇਗਾ । ਜਿਸ ਫਰਮ ਨੂੰ ਸਪਲਾਈ ਆਡਰ ਮਿਲੇਗਾ, ਉਸ ਨੂੰ ਇੱਕ ਸਾਲ ਦੇ ਖਤਮ ਹੋਣ ਤੋ 30 ਦਿਨ ਬਾਅਦ ਇਹ Earnest Money ਵਾਪਸ ਕੀਤੀ ਜਾਵੇਗੀ ਤੇ ਬਾਕੀ ਫਰਮਾਂ ਨੂੰ ਇੱਕ ਹਫਤੇ ਦੇ ਅੰਦਰ-2 ਵਾਪਿਸ ਕਰ ਦਿੱਤੀ ਜਾਵੇਗੀ।

**10)** ਫਰਮ ਨੂੰ ਆਪਣੀ ਈ-ਮੇਲ ਆਈ.ਡੀ.ਦੇਣੀ ਪਵੇਗੀ।ਜਿਸ ਰਾਂਹੀ ਫਰਮ ਨੂੰ ਸਟੇਸ਼ਨਰੀ ਦਾ ਸਾਮਾਨ ਦਾ ਆਡਰ ਈ-ਮੇਲ ਜਾਂ ਪੋਸਟ ਰਾਂਹੀ ਕੀਤਾ ਜਾ ਸਕਦਾ ਹੈ।ਸਟੇਸ਼ਨਰੀ ਦਾ ਆਡਰ ਮਿਲਣ ਤੋ ਦੋ ਦਿਨ ਦੇ ਅੰਦਰ ਅੰਦਰ ਫਰਮ ਵੱਲੋ ਸਪਲਾਈ ਕੀਤਾ ਜਾਣਾ ਚਾਹੀਦਾ ਹੈ । ਜੇਕਰ ਸਾਮਾਨ 2 ਦਿਨ ਦੇ ਅੰਦਰ ਅੰਦਰ ਸਪਲਾਈ ਨਾ ਕਰਵਾਈਆ ਗਿਆ ਤਾ ਬਿੱਲ ਦੀ ਰਕਮ ਤੇ 10 ਪ੍ਰਤੀਸ਼ਤ ਪਰਨੈਲਟੀ ਲਗੇਗੀ। ਜੇਕਰ ਸਮਾਨ 4 ਦਿਨ ਦੇ ਅੰਦਰ ਅੰਦਰ ਸਪਲਾਈ ਨਾ ਕਰਵਾਈਆ ਗਿਆ ਤਾ ਇਹ ਟੈਡਰ ਕਮੇਟੀ ਮੈਬਰਾਂ ਵੱਲੋ ਕੈਸਲ ਕਰਨ ਸਬੰਧੀ ਹੱਕ ਰਾਖਵਾਂ ਹੋਵੇਗਾ ਅਤੇ ਦਿੱਤੀ Earnest Money ਜਬੱਤ ਕਰ ਲਈ ਜਾਵੇਗੀ।